# ਕੋਵਿਡ-19 ਲਈ ਪ੍ਰਤੀਕਿਰਿਆ

ਇਸ ਪੇਜ ਨੂੰ ਅੱਪਡੇਟਾਂ ਲਈ ਵਾਰ-ਵਾਰ ਦੇਖੋ ਅਤੇ ਸਟੇਟ ਭਰ ਦੀਆਂ ਏਜੰਸੀਆਂ ਤੋਂ ਨਵੀਨਤਮ ਜਾਣਕਾਰੀ ਲਈ coronavirus.wa.gov ‘ਤੇ ਜਾਓ(ਸਪੇਨੀ , ਰੂਸੀ, ਵਿਅਤਨਾਮੀ, ਚੀਨੀ, ਜਪਾਨੀ, ਕੋਰੀਆਈ, ਪੰਜਾਬੀ, ਸੋਮਾਲੀ, ਯੂਕ੍ਰੇਨੀ)।

## UTC ਇਮਾਰਤ ਜਨਤਾ ਲਈ ਬੰਦ ਹੈ

UTC ਇਮਾਰਤ ਅਗਲੇ ਨੋਟਿਸ ਤੱਕ ਜਨਤਾ ਲਈ ਬੰਦ ਹੈ ਅਤੇ ਸਾਰੇ UTC ਕਰਮਚਾਰੀ ਘਰ ਤੋਂ ਕੰਮ ਕਰ ਰਹੇ ਹਨ।

ਸਾਡੀ ਵੈੱਬਸਾਈਟ ‘ਤੇ ਕਈ ਸੇਵਾਵਾਂ ਉਪਲਬਧ ਹਨ ਅਤੇ ਤੁਸੀਂ 1-888-333-WUTC (9882) ‘ਤੇ ਸਹਾਇਤਾ ਲਈ ਜਾਂ ਗਾਹਕ ਸ਼ਿਕਾਇਤ ਫਾਈਲ ਕਰਨ ਲਈ ਫੋਨ ਕਰ ਸਕਦੇ ਹੋ ਜਾਂ ਸੋਮਵਾਰ-ਸ਼ੁੱਕਰਵਾਰ ਸਵੇਰ ਦੇ 8 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਔਨਲਾਈਨ ਚੈਟ ਕਰ ਸਕਦੇ ਹੋ। ਟੈਲੀਫੋਨ ‘ਤੇ ਅਨੁਵਾਦ ਸੇਵਾਵਾਂ ਉਪਲਬਧ ਹਨ।

### Stay Home, Stay Healthy

ਮਾਰਚ 23 ਨੂੰ, ਗਵਰਨਰ Jay Inslee ਨੇ Stay at Home, Stay Healthy ਆਦੇਸ਼ ਜਾਰੀ ਕੀਤਾ ਅਤੇ 1 ਮਈ ਨੂੰ ਉਹਨਾਂ ਨੇ ਇਸ ਆਦੇਸ਼ ਦੀ ਮਿਆਦ ਵਧਾ ਦਿੱਤੀ ਅਤੇ ਸਭ ਕੁਝ ਦੁਬਾਰਾ ਖੋਲਣ ਲਈ ਚਾਰ-ਚਰਨਾਂ ਦੇ Safe Start Washington ਮਾਡਲ ਦੀ ਘੋਸ਼ਣਾ ਕੀਤੀ। ਕਾਉਂਟੀਆਂ ਅੱਡ-ਅੱਡ ਇਹਨਾਂ ਚਰਨਾਂ ਵਿੱਚੋਂ ਲੰਘ ਰਹੀਆਂ ਹਨ ਇਸਲਈ ਕੰਪਨੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿੱਥੇ ਉਹ ਕੰਮ ਕਰਦੀਆਂ ਹਨ, ਉੱਥੇ ਕਿਹੜੇ ਨਿਰਦੇਸ਼ ਲਾਗੂ ਹੁੰਦੇ ਹਨ।

- ਤੁਹਾਡੇ ਕਾਰੋਬਾਰ ਦੇ ਸਟੇਟਸ ਨੂੰ ਸਪਸ਼ਟ ਕਰਨ ਲਈ, ਜਾਂ ਤੁਹਾਡੇ ਕਾਰੋਬਾਰ ਨੂੰ ਜ਼ਰੂਰੀ ਮੰਨੇ ਜਾਣ ਦੇ ਲਈ, ਕਿਰਪਾ ਕਰਕੇ ਇਹ ਫਾਰਮ ਜਮ੍ਹਾਂ ਕਰਵਾਓ (ਕੇਵਲ ਅੰਗ੍ਰੇਜ਼ੀ ਵਿੱਚ)।

## ਯੂਟੀਲਿਟੀ ਬਿੱਲ ਸਹਾਇਤਾ

ਗਵਰਨਰ Inslee ਨੇ ਸਾਰੀਆਂ ਊਰਜਾ, ਲੈਂਡਲਾਈਨ ਟੈਲੀਪੋਨ, ਅਤੇ ਪਾਣੀ ਦੀਆਂ ਕੰਪਨੀਆਂ ਨੂੰ 28 ਜੁਲਾਈ ਤੱਕ ਸੇਵਾ ਨੂੰ ਡਿਸਕਨੈਕਟ ਕਰਨ ਜਾਂ ਲੇਟ ਫੀਸ ਚਾਰਜ ਕਰਨ ਤੋਂ ਰੋਕਣ ਦਾ ਆਦੇਸ਼ ਜਾਰੀ ਕੀਤਾ ਹੈ।

- ਕੰਪਨੀਆਂ ਕੋਲ ਗਾਹਕਾਂ ਦੀ ਯੂਟੀਲਿਟੀ ਬਿੱਲਾਂ ਦਾ ਭੁਗਤਾਨ ਕਰਨ ਵਿੱਤ ਸਹਾਇਤਾ ਕਰਨ ਲਈ ਫੰਡਿੰਗ ਉਪਲਬਧ ਹੈ।
- ਜੇਕਰ ਤੁਹਾਨੂੰ ਆਪਣੇ ਯੂਟੀਲਿਟੀ ਬਿੱਲ ਦਾ ਭੁਗਤਾਨ ਕਰਨ ਵਿੱਚ ਸਹਾਇਤਾ ਚਾਹੀਦੀ ਹੈ, ਤਾਂ ਤੁਹਾਨੂੰ ਆਪਣੀ ਕੰਪਨੀ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ ਸੋਮਵਾਰ-ਸ਼ੁੱਕਰਵਾਰ ਸਵੇਰ ਦੇ 8 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ 1-888-333-WUTC (9882) ‘ਤੇ ਕਮੀਸ਼ਨ ਨਾਲ ਸੰਪਰਕ ਕਰਨਾ ਚਾਹੀਦਾ ਹੈ।
- ਆਦੇਸ਼ ਦੀ ਸਮਾਪਤੀ ਤੋਂ ਬਾਅਦ ਤੁਹਾਨੂੰ ਫਿਰ ਵੀ ਆਪਣੇ ਬਿੱਲਾਂ ਦਾ ਭੁਗਤਾਨ ਕਰਨਾ ਹੋਵੇਗਾ, ਇਸਲਈ ਜੇਕਰ ਤੁਸੀਂ ਹੁਣ ਭੁਗਤਾਨ ਕਰ ਸਕਦੇ ਹੋ, ਤਾਂ ਤੁਹਾਨੂੰ ਇੰਝ ਕਰਨਾ ਚਾਹੀਦਾ ਹੈ।

## ਨਿਯਮਤ ਕੰਪਨੀਆਂ

ਅਸੀਂ ਸਿੱਧੇ ਤੌਰ ‘ਤੇ UTC ਵੱਲੋਂ ਨਿਯਮਤ ਯੂਟੀਲਿਟੀ ਅਤੇ ਟ੍ਰਾਂਸਪੋਰਟੇਸ਼ਨ ਕੰਪਨੀਆਂ ਦੇ ਨਾਲ ਕੰਮ ਕਰ ਰਹੇ ਹਾਂ ਕਿਉਂਕਿ ਉਹ ਇਸ ਸਮੇਂ ਦੇ ਦੌਰਾਨ ਆਪਣੀਆਂ ਨੀਤੀਆਂ ਅਤੇ ਅਭਿਆਸਾਂ ਨੂੰ ਐਡਜਸਟ ਕਰਦੇ ਹਨ।

## ਟ੍ਰਾਂਸਪੋਰਟੇਸ਼ਨ ਕੰਪਨੀਆਂ ਦੇ ਬਾਰੇ ਜਾਣਕਾਰੀ

### Pipeline and Hazardous Materials Safety Administration (PHMSA)

PHMSA ਨੇ ਅਸਥਾਈ ਤੌਰ 'ਤੇ ਸੀਮਤ ਕਰਮਚਾਰੀਆਂ ਅਤੇ ਘੱਟ ਸੰਸਾਧਨਾਂ ਦਾ ਹੱਲ ਕਰਨ ਲਈ ਆਪਰੇਟਰ ਕੁਆਲੀਫਿਕੇਸ਼ਨ ਬਦਲਾਵਾਂ (ਕੇਵਲ ਅੰਗ੍ਰੇਜ਼ੀ ਵਿੱਚ) ਦੀ ਅਨੁਮਤੀ ਦਿੱਤੀ ਹੈ।

- ਡ੍ਰੱਗ ਜਾਂਚ ਲੋੜਾਂ ਦੇ ਨਾਲ ਲਚੀਲਾਪਣ
- ਆਪਰੇਟਰ ਕੁਆਲੀਫਿਕੇਸ਼ਨ ਅਤੇ ਕੰਟਰੋਲ ਰੂਮ ਮੈਨੇਜਮੈਂਟ ਲੋੜਾਂ ਲਈ ਮੁਲਤਵੀ ਲਾਗੂ ਕਰਨ ਦੀ ਪ੍ਰਕਿਰਿਆ ਜਿਵੇਂ ਕਿ ਸੇਵਾ ਦੇ ਘੰਟੇ ਅਤੇ ਵਿਸ਼ੇਸ਼ ਸਿਖਲਾਈ ਲੋੜਾਂ।

### Federal Railroad Association (FRA)

- FRA ਨੇ ਇੱਕ ਅਪਾਤਕਾਲੀਨ ਛੋਟ ਜਾਰੀ ਕੀਤੀ ਹੈ ਕਿ ਜੇਕਰ ਕਾਰਜ-ਖੇਤਰ ਦੀ ਕਮੀ ਆਉਂਦੀ ਹੈ ਤਾਂ ਕੁਝ ਸੁਰੱਖਿਆ ਲੋੜਾਂ (ਕੇਵਲ ਅੰਗ੍ਰੇਜ਼ੀ ਵਿੱਚ) ਨੂੰ ਲਾਗੂ ਕਰਨਾ ਬੰਦ ਕਰ ਸਕਦੇ ਹੋ।
- UTC ਇਸ ਛੋਟ ਦੀ ਵਰਤੋਂ ਆਪਣੀ ਅਧਿਕਾਰਤ ਲਾਗੂ ਕਰਨ ਦੀ ਆਥੋਰਿਟੀ ਦੀ ਵਰਤੋਂ ਕਰਨ ਦੇ ਸਮੇਂ ਕਰੇਗੀ।

### ਘਰ ਦੇ ਸਮਾਨ ਨੂੰ ਲਿਜਾਣ ਵਾਲੇ ਵਿਅਕਤੀ

- ਘਰ ਦੇ ਸਮਾਨ ਨੂੰ ਲਿਜਾਣ ਵਾਲੇ ਵਿਅਕਤੀਆਂ ਨੂੰ ਲਾਜ਼ਮੀ ਤੌਰ 'ਤੇ ਚਿਹਰੇ ਨੂੰ ਢਕਣ ਵਾਲੀ ਸਮੱਗਰੀ ਪਹਿਣਨੀ ਚਾਹੀਦੀ ਹੈ।
- ਪਹਿਲੇ ਚਰਨ ਵਾਲੀਆਂ ਕਾਊਂਟੀਆਂ ਲਈ, ਸਮਾਨ ਲਿਜਾਣ ਵਾਲੇ ਵਿਅਕਤੀ ਕੇਵਲ ਉਸ ਸਥਿਤੀ ਵਿੱਚ ਇਹ ਕੰਮ ਕਰ ਸਕਦੇ ਹਨ ਜਿੱਥੇ ਕੋਈ ਰਿਅਲ ਇਸਟੇਟ ਲੈਣ-ਦੇਣ ਬੰਦ ਹੋ ਰਿਹਾ ਹੈ ਜਾਂ ਕੋਈ ਕਮਜੋਰ ਵਿਅਕਤੀ ਕਿਸੇ ਅਸੁਰੱਖਿਅਤ ਵਾਤਾਵਰਨ ਨੂੰ ਛੱਡ ਰਿਹਾ ਹੈ।
- ਦੂਸਰੇ ਚਰਨ ਵਾਲੀਆਂ ਕਾਊਂਟੀਆਂ ਲਈ, ਸਮਾਨ ਲਿਜਾਣ ਵਾਲੇ ਵਿਅਕਤੀ ਸਾਰੀ ਗਤੀਵਿਧੀ ਨੂੰ ਸ਼ੁਰੂ ਕਰ ਸਕਦੇ ਹਨ, ਜੇਕਰ ਉਹ Department of Labor & Industries ਰੋਜ਼ਗਾਰਦਾਤਾ ਸੁਰੱਖਿਆ ਲੋੜਾਂ ਨੂੰ ਪੂਰਾ ਕਰਦੇ ਹਨ।

### Federal Motor Carrier Safety Administration (FMSCA)

- FMSCA ਨੇ ਅਪਾਤਕਾਲੀਨ ਰਾਹਤ (ਜਿਵੇਂ ਕਿ ਭੋਜਨ, ਮੈਡੀਕਲ ਉਪਕਰਨ, ਅਤੇ ਵਿਅਕਤੀਗਤ ਸੁਰੱਖਿਆ ਉਪਕਰਨ) ਪਹੁੰਚਾਉਣ ਵਾਲੇ ਕਮਰਸ਼ੀਅਲ ਵਾਹਨਾਂ ਲਈ ਸੇਵਾ ਦੇ ਘੰਟਿਆਂ ਦੀਆਂ ਲੋੜਾਂ ਲਈ ਅਸਥਾਈ ਛੋਟ ਦੀ ਸਹਿਮਤੀ ਦਿੱਤੀ ਹੈ, ਜਦੋਂ ਤੱਕ ਚਾਲਕਾਂ ਨੂੰ ਡਿਲੀਵਰੀ ਪੂਰੀ ਕਰਨ ਤੋਂ ਔਫ-ਟਾਈਮ ਮਿਲਦਾ ਰਹੇਗਾ।
- FMSCA ਨੇ ਆਪਣੀ ਵੈੱਬਸਾਈਟ 'ਤੇ ਇਸ ਘੋਸ਼ਣਾ ਬਾਰੇ ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੀ ਇੱਕ ਸੂਚੀ ਪ੍ਰਕਾਸ਼ਿਤ ਕੀਤੀ ਹੈ। (ਕੇਵਲ ਅੰਗ੍ਰੇਜ਼ੀ ਵਿੱਚ)।
- FMCSA ਨੇ ਇੱਕ ਕੋਰੋਨਾਵਾਇਰਸ (ਕੋਵਿਡ-19) ਜਾਣਕਾਰੀ ਪੇਜ (ਕੇਵਲ ਅੰਗ੍ਰੇਜ਼ੀ ਵਿੱਚ) ਬਣਾਇਆ।

### Department of Licensing (DOL)

- Department of Licensing ਨੇ ਅਸਥਾਈ ਤੌਰ 'ਤੇ 30 ਦਿਨਾਂ ਲਈ ਡ੍ਰਾਇਵਰ ਲਸੰਸ ਦੀ ਸਮਾਪਤੀ ਮਿਤੀਆਂ ਨੂੰ ਵਧਾ ਦਿੱਤਾ ਹੈ।
- FMSCA ਨਿਰਦੇਸ਼ਾਂ ਦੇ ਅਧੀਨ, DOL ਕਮਰਸ਼ੀਅਲ ਡ੍ਰਾਇਵਰ ਲਸੰਸਾਂ (CDL) ਅਤ ਕਮਰਸ਼ੀਅਲ ਡ੍ਰਾਇਵਰ ਪਰਮਿਟਾਂ (CDP) ਦੇ ਲਈ ਸਮਾਪਤੀ ਮਿਤੀਆਂ ਨੂੰ ਵਧਾ ਰਹੀ ਹੈ ਜੋ ਕਿ ਮਾਰਚ 30 ਤੋਂ ਲੈ ਕੇ ਸਿਤੰਬਰ 30 ਨੂੰ ਜਾਂ ਉਸ ਤੋਂ ਬਾਅਦ ਸਮਾਤ ਹੋਣ ਲਈ ਤੈਅ ਹਨ।
- ਕਮਰਸ਼ੀਅਲ ਡ੍ਰਾਇਵਰਾਂ ਨੂੰ ਆਪਣੇ ਐਕਸਪਾਇਰ ਹੋ ਚੁੱਕੇ ਮੈਡੀਕਲ ਪ੍ਰਮਾਣਪੱਤਰ ਦੀ ਕਾਪੀ ਨਾਲ ਰੱਖਣੀ ਚਾਹੀਦੀ ਹੈ ਤਾਂ ਜੋ ਉਹ ਦਿਖਾ ਸਕਣ ਕਿ ਉਹਨਾਂ ਦਾ ਲਸੰਸ ਜਾਂ ਪਰਮਿਟ ਸਮਾਪਤੀ ਮਿਤੀ 30 ਮਾਰਚ ਜਾਂ ਉਸ ਤੋਂ ਬਾਅਦ ਲਈ ਸੀ।

## ਓਪਨ ਮੀਟਿੰਗਾਂ, ਸੁਣਵਾਈਆਂ ਅਤੇ ਵਰਕਸ਼ਾਪਾਂ

ਅਸੀਂ ਸਾਰੀਆਂ ਓਪਨ ਮੀਟਿੰਗਾ, ਸੁਣਵਾਈਆਂ, ਅਤੇ ਵਰਕਸ਼ਾਪਾਂ ਫੋਨ ਰਾਹੀਂ ਜਾਂ ਔਨਲਾਈਨ ਕਰ ਰਹੇ ਹਾਂ। ਜੇਕਰ ਤੁਸੀਂ ਕਿਸੇ ਕਮੀਸ਼ਨ ਈਵੈਂਟ ਵਿੱਚ ਭਾਗ ਲੈਣ ਦੀ ਯੋਜਨਾ ਬਣਾ ਰਹੇ ਹੋ, ਤਾਂ ਯਕੀਨੀ ਕਰੋ ਕਿ ਤੁਸੀਂ ਵੇਰਵਿਆਂ ਲਈ ਕੈਲੰਡਰ ਦੀ ਜਾਂਚ ਕਰ ਸਕਦੇ ਹੋ।

## ਸਰੋਤ

- ਵਾਸ਼ਿੰਗਟਨ ਸਟੇਟ ਦੀ ਅਧਿਕਾਰਤ ਕੋਵਿਡ-19 ਸਾਈਟ (ਸਪੇਨੀ, ਰੂਸੀ, ਵਿਤਨਾਮੀ, ਚੀਨੀ, ਜਪਾਨੀ, ਕੋਰੀਆਈ, ਪੰਜਾਬੀ, ਸੋਮਾਲੀ, ਯੂਕ੍ਰੇਨੀ)।
- ਸਿਹਤ ਵਿਭਾਗ ਨੋਵਲ ਕੋਰੋਨਾਵਾਇਰਸ ਮਹਾਮਾਰੀ 2019 ਵੈੱਬਸਾਈਟ (ਅਮਰੀਕੀ ਸਾਈਨ ਭਾਸ਼ਾ (ASL ), ਚੀਨੀ6], ਜਪਾਨੀ, ਕੋਰੀਆਈ, ਪੰਜਾਬੀ, ਰੂਸੀ, ਸੋਮਾਲੀ, ਸਪੇਨੀ, ਯੂਕ੍ਰੇਨੀ, ਵਿਅਤਨਾਮੀ)।
- ਜੇਕਰ ਤੁਹਾਨੂੰ ਇਸ ਬਾਰੇ ਕੋਈ ਪ੍ਰਸ਼ਨ ਹਨ ਕਿ ਵਾਸ਼ਿੰਗਟਨ ਵਿੱਚ ਕੀ ਹੋ ਰਿਹਾ ਹੈ ਜਾਂ ਵਾਇਰਸ ਕਿਵੇਂ ਫੈਲਦਾ ਹੈ ਤਾਂ 1-800-525-0127 'ਤੇ ਕੋਵਿਡ-19 ਹੌਟਲਾਈਨ ਨੂੰ ਸੰਪਰਕ ਕਰੋ। ਫੋਨ ਲਾਈਨਾਂ ਰੋਜਾਨਾ ਸਵੇਰ ਦੇ 6 ਵਜੇ ਤੋਂ ਲੈ ਕੇ ਰਾਤ ਦੇ 10 ਵਜੇ ਤੱਕ ਖੁਲ੍ਹੀਆਂ ਹੁੰਦੀਆਂ ਹਨ।
- ਇਹ ਦੇਖਣ ਲਈ ਕਿ ਯੂਟੀਲਿਟੀ ਕਮੀਸ਼ਨਾਂ ਨੇ ਹੋਰਾਂ ਸਟੇਟਾਂ ਵਿੱਚ ਕਿਹੜੇ ਨਿਰਦੇਸ਼ ਜਾਰੀ ਕੀਤੇ ਹਨ, NARUC ਸਟੇਟ ਰਿਸਪਾਂਸ ਟ੍ਰੈਕਰ (ਕੇਵਲ ਅੰਗ੍ਰੇਜ਼ੀ ਵਿੱਚ) ਨੂੰ ਵਿਜਿਟ ਕਰੋ।

## ਪਹੁੰਚ

ਕਿਸੇ ਵੱਖਰੇ ਫਾਰਮੈੱਟ ਵਿੱਚ ਇਹ ਜਾਣਕਾਰੀ ਚਾਹੀਦੀ ਹੈ? 1-800-833-6384 ਨੂੰ ਫੋਨ ਕਰੋ ਜਾਂ ਵਾਸ਼ਿੰਗਟਨ ਰਿਲੇ ਸੇਵਾਵਾਂ ਦੇ ਰਾਹੀਂ Text Teletype (TTY) ਦੇ ਲਈ 711 ਡਾਇਲ ਕਰੋ।

UTC ਤੁਹਾਡੀ ਕਈ ਭਾਸ਼ਾਵਾਂ ਵਿੱਚ ਸਹਾਇਤਾ ਕਰ ਸਕਦੀ ਹੈ। ਕਿਰਪਾ ਕਰਕੇ ਸੋਮਵਾਰ-ਸ਼ੁੱਕਰਵਾਰ ਸਵੇਰ ਦੇ 8 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ 1-888-333-9882 ਨੂੰ ਫੋਨ ਕਰੋ ਅਤੇ ਕਿਸੇ ਦੁਭਾਸ਼ੀਏ ਲਈ ਕਹੋ।